# ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ

ਸੇਵਾ ਵਿਚ

ਪੰਜਾਬ ਸਰਕਾਰ ਦੇ ਸਮੂਹ ਵਧੀਕ ਮੁੱਖ ਸਕੱਤਰ/ਪ੍ਰਿੰਸੀਪਲ ਸਕੱਤਰ/
ਪ੍ਰਬੰਧਕੀ ਸਕੱਤਰ/ ਵਿੱਤੀ ਕਮਿਸ਼ਨਰ
ਸਕੱਤਰ, ਪੰਜਾਬ ਵਿਧਾਨ ਸਭਾ,
ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰਜ ਤੇ
ਜਿਲਿਆਂ ਦੇ ਸੈਸ਼ਨ ਜੱਜ।

ਨੰ. ਬ.ਫ. 16/18-ਸੀਏਜੀ/ਅ-2/3224-3412 ਮਿਤੀ. 14/12/20

ਵਿਸ਼ਾ ਦਫਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵਿੱਚ ਕਲਰਕਾਂ ਦੀਆਂ 13 ਆਸਾਮੀਆਂ ਬਦਲੀ ਰਾਹੀਂ ਪੱਕੇ ਤੌਰ ਤੇ ਭਰਨ ਸਬੰਧੀ।

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵਿਖੇ ਕਲਰਕਾਂ, ਤਨਖਾਹ ਪੈਮਾਨ 10300-34800+3200 ਗ੍ਰੇਡ ਪੇ ਦੀਆਂ 13 ਖਾਲੀ ਆਸਾਮੀਆਂ ਨੂੰ ਰਾਜ ਦੇ ਵੱਖ- ਵੱਖ ਸਰਕਾਰੀ ਦਫਤਰਾਂ ਵਿੱਚ ਕੰਮ ਕਰਦੇ ਕਲਰਕਾਂ ਵਿੱਚੋ ਬਦਲੀ ਰਾਹੀਂ ਭਰਨ ਦਾ ਫੈਸਲਾ ਕੀਤਾ ਗਿਆ ਹੈ।

ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਵਿਭਾਗ ਵਿੱਚ ਤਨਖਾਹ ਪੈਮਾਨਾ 10300-34800+3200 ਗ੍ਰੇਡ ਪੇ ਵਿੱਚ ਕੰਮ ਕਰ ਰਹੇ ਕਲਰਕ ਜਿਹੜੇ ਪੰਜਾਬ ਲੋਕ ਸੇਵਾ ਕਮਿਸ਼ਨ ਵਿੱਚ ਕਲਰਕ ਦੀ ਆਸਾਮੀ ਤੇ ਬਦਲੀ ਰਾਹੀ ਨਿਯੁਕਤੀ ਦੇ ਚਾਹਵਾਨ ਹੋਣ, ਦੇ ਨਾਮ ਸਮੇਤ ਗੁਪਤ ਸੇਵਾ ਰਿਕਾਰਡ ਦੀ ਸਮਰੀ ਅਤੇ ਵਿਦਿਅਕ/ਪ੍ਰੋਫੈਸਨਲ ਯੋਗਤਾਵਾਂ ਦੇ ਸਰਟੀਫਿਕੇਟ ਦੀਆਂ ਤਸਦੀਕਸ਼ੁਦਾਂ ਫੋਟੋ ਕਾਪੀਆਂ ਆਦਿ (ਨਾਲ ਨੱਥੀ ਪ੍ਰੋਫਾਰਮੇ ਵਿੱਚ) ਮਿਤੀ 01.01.2021 ਤੱਕ ਹਰ ਹਾਲਤ ਵਿੱਚ ਭੇਜੇ ਜਾਣ। ਜਿਹਨਾਂ ਕਰਮਚਾਰੀਆਂ ਦੇ ਨਾ ਕਮਿਸ਼ਨ ਨੂੰ ਭੇਜੇ ਜਾਣ ਉਹਨਾਂ ਦਾ ਆਚਰਣ, ਪੂਰਵ-ਵਿਹਾਰ ਤਸਦੀਕ ਅਤੇ ਮੈਡੀਕਲ ਹੋ ਚੁੱਕਾ ਹੋਵੇ। ਕਲਰਕ ਤੋਂ ਇਲਾਵਾ ਕਿਸੇ ਹੋਰ ਕੈਟਾਗਰੀ ਦੇ ਨਾਵਾਂ ਦੀ ਸਿਫਾਰਸ਼ ਨਾ ਕੀਤੀ ਜਾਵੇ। ਸਿਫਾਰਸ਼ ਕੀਤੇ ਜਾਣ ਵਾਲੇ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ ਅਤੇ ਆਚਰਣ ਪੱਤਰੀਆਂ ਹਰ ਲਿਹਾਜ ਨਾਲ ਮੁਕੰਮਲ ਕਰਕੇ ਭੇਜੀਆਂ ਜਾਣ।

2. **ਵਿਦਿਆਕ ਯੋਗਤਾਵਾਂ**

(I)(i) Possesses Becholer's Degree From a recognized University or institution and (ii) Possesses at least one hundred and twenty hours course with hands on experience in the use of Personal Computer or Information Technology in Office Productivity application or Desktop Publishing application from a Government recognized institution or a reputed institution, which is ISO-9001, certified.

OR

Possesses a Computer Information Technology Course equivalent to 'O' Level Certificate of Department of Electronics Accreditation of Computer Course Course (DOEACC) of.Government of India;

2) The Person so appointed as Clerk in terms of the provisions of sub-rule (I), shall have qualify a test in English and Punjabi, Respectively, on Computer to be conducted by the Board or the appointing authority or the Department of Information Technology as the case may be, at a speed of thirty words per minute".

Provided that where appointment of Group-C Non-technical post is offered to a War Hero, who has been discharged from Defence Services or dependent members of his family under the instructions issued in this behalf by the Government, the educational qualification to be possessed by such person shall be Graduate from a recognized University or Institution. However, such person shall not be required to qualify the test in Punjabi type-writing as specified in Sub-rule (2)

I) ਮੈਟ੍ਰਿਕ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ।

3. <u>ਕਲਰਕਾਂ ਦੀਆਂ 13 ਆਸਾਮੀਆਂ ਦਾ ਰਾਖਵਾਂ ਕਰਨ ਨਿਮਨ ਅਨੁਸਾਰ ਹੈ-</u>

| ਲੜੀ.ਨੰ. | ਰਾਖਵਾਕਰਨ | ਆਸਾਮੀਆਂ ਦੀ ਗਿਣਤੀ |
|---|---|---|
| 1. | ਜਨਰਲ (ਅਣਰਾਖਵਾ) | 05 |
| 2. | ਅਨੁਸੂਚਿਤ ਜਾਤੀ | 04 (ਇਹਨਾਂ ਆਸਾਮੀਆਂ ਵਿੱਚੋਂ 50 % ਆਸਾਮੀਆਂ ਬਾਲਮੀਕੀ/ਮਜ਼ਬੀ ਸਿੱਖ ਵਰਗ ਵਿਚੋਂ ਭਰੀਆਂ ਜਾਣੀਆਂ ਹਨ। ਜੇਕਰ ਉਪਲਬੱਧ ਹੋਣ) |
| 3. | ਸਾਬਕਾ ਫੌਜੀ/ ਸਾਬਕਾ ਫੌਜੀ ਦੇ ਆਸ਼ਰਿਤ | 01 ਸਾਬਕਾ ਫੌਜੀ ਉਪਲਬੱਧ ਨਾ ਹੋਣ ਦੀ ਸੂਰਤ ਵਿੱਚ ਹੀ ਸਾਬਕਾ ਫੌਜੀ ਦਾ ਆਸ਼ਰਿਤ ਵਿਚਾਰੇ ਜਾਣਗੇ। |
| 4. | ਪੱਛੜੀ ਸ੍ਰੇਣੀ | 01 |
| 5. | ਜਨਰਲ ( Economic Weaker Section) | 01 |
| 6. | ਅੰਗਹੀਣ | 01 ( Visually Impaired) |

4. ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਨਿਯੁਕਤ ਕਰਨ ਉਪਰੰਤ ਕਰਮਚਾਰੀਆਂ ਦੀ ਪੰਜਾਬ ਲੋਕ ਸੇਵਾ ਕਮਿਸ਼ਨ ਵਿੱਚ ਸੀਨੀਅਰਤਾ ਨਿਯਮਾਂ ਅਨੁਸਾਰ ਮਿਥੀ ਜਾਵੇਗੀ। ਨਿਰਧਾਰਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਸਿਫਾਰਸ਼ਾਂ ਤੇ ਕਿਸੇ ਵੀ ਸੂਰਤ ਵਿੱਚ ਵਿਚਾਰ ਨਹੀਂ ਕੀਤਾ ਜਾਵੇਗਾ।

(ਜਸਲੀਨ ਕੌਰ ਸੰਧੂ)
ਸਕੱਤਰ

# ਪ੍ਰੋਫਾਰਮਾ

1. ਉਮੀਦਵਾਰ ਦਾ ਨਾਂ/ਪਿਤਾ ਦਾ ਨਾਂ ਅਤੇ ਪੂਰਾ ਪਤਾ:

2. ਜਨਮ ਮਿਤੀ:
3. ਬਤੌਰ ਕਲਰਕ ਨਿਯੁਕਤੀ ਦੀ ਮਿਤੀ:
4. ਵਿਦਿਅਕ ਯੋਗਤਾਵਾ:
5. ਕੈਟਾਗਰੀ (13 ਆਸਾਮੀਆਂ ਲਈ ਕੈਟਾਗਰੀ ਦਾ ਵੇਰਵਾ ਨਿਮਨ ਅਨੁਸਾਰ ਹੈ। ਕੈਟਾਗਰੀ ਸਬੰਧੀ ਸਬੂਤ ਨਾਲ ਨੱਥੀ ਕੀਤਾ ਜਾਵੇ-)

| ਲੜੀ.ਨੰ. | ਰਾਖਵਾਕਰਨ | ਆਸਾਮੀਆਂ ਦੀ ਗਿਣਤੀ |
|---|---|---|
| 1. | ਜਨਰਲ (ਅਣਰਾਖਵਾ) | 05 |
| 2. | ਅਨੁਸੂਚਿਤ ਜਾਤੀ | 04 (ਇਹਨਾਂ ਆਸਾਮੀਆਂ ਵਿੱਚੋਂ 50 % ਆਸਾਮੀਆਂ ਬਾਲਮੀਕੀ/ਮਜ਼ਬੀ ਸਿੱਖ ਵਰਗ ਵਿਚੋਂ ਭਰੀਆਂ ਜਾਣੀਆਂ ਹਨ। ਜੇਕਰ ਉਪਲਬੱਧ ਹੋਣ) |
| 3. | ਸਾਬਕਾ ਫੌਜੀ/ ਸਾਬਕਾ ਫੌਜੀ ਦੇ ਆਸ਼ਰਿਤ | 01 ਸਾਬਕਾ ਫੌਜੀ ਉਪਲਬੱਧ ਨਾ ਹੋਣ ਦੀ ਸੂਰਤ ਵਿੱਚ ਹੀ ਸਾਬਕਾ ਫੌਜੀ ਦਾ ਆਸ਼ਰਿਤ ਵਿਚਾਰੇ ਜਾਣਗੇ। |
| 4. | ਪੱਛੜੀ ਸ੍ਰੇਣੀ | 01 |
| 5. | ਜਨਰਲ ( Economic Weaker Section) | 01 |
| 6. | ਅੰਗਹੀਣ | 01 ( Visually Impaired) |

6. ਮੌਜੂਦਾ ਤਨਖਾਹ ਸਕੇਲ:
7. ਕੀ ਕੋਈ ਵਿਭਾਗੀ ਇੰਨਕੁਆਰੀ/ਸ਼ਿਕਾਇਤ ਉਮੀਦਵਾਰ ਦੇ ਵਿਰੁੱਧ ਪੈਡਿੰਗ ਤਾਂ ਨਹੀ: ਜੇ ਉੱਤਰ ਹਾਂ ਵਿੱਚ ਹੋਵੇ ਤਾਂ ਉਸਦਾ ਵੇਰਵਾ ਦੱਸਿਆ ਜਾਵੇ।

8. ਉਮੀਦਵਾਰ ਦੇ ਹਸਤਾਖਰ ਪੰਜਾਬੀ ਵਿੱਚ--------------------------------

ਅੰਗਰੇਜੀ ਵਿੱਚ--------------------------------

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਪ੍ਰੋਫਾਰਮੇ ਵਿੱਚ ਭਰੀ ਸੂਚਨਾਂ ਸਹੀ ਅਤੇ ਦਫਤਰੀ ਰਿਕਾਰਡ ਤੇ ਆਧਾਰਤ ਹੈ ਅਤੇ ਸ੍ਰੀ/ਸ੍ਰੀਮਤੀ.........................................ਨੇ ਨਿਮਨ- ਹਸਤਾਖਰ ਦੇ ਸਾਹਮਣੇ ਹਸਤਾਖਰ ਕੀਤੇ ਹਨ।

ਦਫਤਰ ਦੇ ਮੁੱਖੀ ਦੇ ਹਸਤਾਖਰਤ